a2zpapers.com

**Exam. Code : 108102**
**Subject Code : 2075**

**Bachelor of Fine Arts 2nd Semester**

**PUNJABI COMPULSORY**

**Paper—VII Opt. (i)**

Time Allowed—Three Hours] [Maximum Marks—50

**ਨੋਟ :—** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਹਰ ਭਾਗ ਵਿਚੋਂ ਦੋ ਪ੍ਰਸ਼ਨ ਪੁੱਛੇ ਗਏ ਹਨ। ਵਿਦਿਆਰਥੀ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿਚੋਂ **ਇਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਬਰਾਬਰ ਅੰਕ ਹਨ।

**ਭਾਗ–ੳ**

1. 'ਉਜਾੜ' ਜਾਂ 'ਘੋਟਣਾ' ਕਹਾਣੀਆਂ ਵਿਚੋਂ ਕਿਸੇ ਇਕ ਦਾ ਵਿਸ਼ਾ-ਵਸਤੂ ਆਪਣੇ ਸ਼ਬਦਾਂ ਵਿਚ ਲਿਖੋ।
2. ਬਖ਼ਸ਼ਾ, ਉੱਚੀ ਅੱਡੀ ਵਾਲੀ ਗੁਰਗਾਬੀ ਵਿੱਚ ਪਿਤਾ ਦਾ, ਆਲਾ ਸਿੰਘ, ਮਾੜਾ ਬੰਦਾ ਕਹਾਣੀ ਵਿੱਚ ਰਿਕਸ਼ੇ ਵਾਲਾ, ਉਪਰੋਕਤ ਚਾਰਾਂ ਵਿਚੋਂ ਕਿਸੇ ਦੋ ਦਾ ਪਾਤਰ ਚਿਤਰਨ ਕਰੋ।

**ਭਾਗ–ਅ**

1. "ਸ਼ਾਂਤੀ ਨਿਕੇਤਨ" ਜਾਂ "ਨਾਭਾ ਮੋਰਚਾ" ਵਿਚੋਂ ਕਿਸੇ **ਇਕ** ਲੇਖ ਦਾ ਸਾਰ ਲਿਖੋ।
2. "ਨਾਭਾ ਮੋਰਚਾ" ਜਾਂ "ਅਫਗਾਨਿਸਤਾਨ ਦੇ ਲੋਕ" ਵਿਚੋਂ ਕਿਸੇ ਇਕ ਲੇਖ ਦੀ ਲਿਖਣ ਸ਼ੈਲੀ ਬਾਰੇ ਲਿਖੋ।

**ਭਾਗ–ੲ**

1. ਸ਼ਬਦ ਰਚਨਾ ਦੀ ਪਰਿਭਾਸ਼ਾ ਦਿਉ ਅਤੇ ਇਸਦੇ ਮੁੱਢਲੇ ਸੰਕਲਪਾਂ ਬਾਰੇ ਵੀ ਜਾਣਕਾਰੀ ਦਿਉ।
2. ਸ਼ਬਦ ਸ਼੍ਰੇਣੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਦੀ ਇਕ ਕਿਸਮ ਨਾਂਵ ਬਾਰੇ ਵਿਸਥਾਰਪੂਰਵਕ ਲਿਖੋ।



www.a2zpapers.com www.a2zpapers.com
oad free old Question papers gndu, ptu hp board, punjab

a2zpapers.com

## ਭਾਗ–ਸ

1. ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ :

ਬਹੁਤ ਸਾਰੇ ਵਹਿਮ ਸ਼ਗਨਾਂ-ਅਪਸ਼ਗਨਾਂ ਦੇ ਹਨ ਜਿਨ੍ਹਾਂ ਦਾ ਸੰਬੰਧ ਸਫ਼ਰ ਨਾਲ ਖਾਸ ਹੈ। ਪੁਰਾਣੇ ਵਕਤ ਵਿਚ ਰੇਲਾਂ ਨਹੀਂ ਸਨ, ਨਾ ਕੋਈ ਸਾਫ ਪੱਧਰੀਆਂ ਸੜਕਾ ਸਨ। ਇਸ ਲਈ ਸਫ਼ਰ ਬੜਾ ਖਤਰਨਾਕ ਹੁੰਦਾ ਸੀ। ਚੱਲਣ ਲੱਗਿਆ ਹਜ਼ਾਰਾਂ ਤਰ੍ਹਾਂ ਦੀਆਂ ਚੌਕਸੀਆਂ ਕਰਨੀਆਂ ਪੈਦੀਆਂ ਸਨ। ਸੱਜੇ ਖੱਬੇ ਤੱਕ ਕੇ ਤੁਰਨਾ ਪੈਂਦਾ ਸੀ। ਜੇ ਗਧਾ ਖੱਬੇ ਪਾਸੇ ਹੀਂਗੇ ਜਾਂ ਭਾਰ ਨਾਲ ਲੱਦਿਆ ਮਿਲੇ ਤਾਂ ਚੰਗਾ। ਜੇ ਤਿੱਤਰ ਖੱਬੇ ਪਾਸੇ ਬੋਲੇ ਤਾਂ ਮਾੜਾ। ਜੇ ਹਿਰਨਾ ਦੀ ਡਾਰ ਖੱਬੇ ਜਾਂਦੀ ਮਿਲੇ ਤਾ ਮਾੜੀ। ਗਿੱਦੜ ਸੱਜਿਓਂ ਦਿਸੇ ਤਾਂ ਚੰਗਾ, ਦੋ ਮਿਲਣ ਤਾਂ ਹੋਰ ਵੀ ਚੰਗਾ। ਕਈ ਵਹਿਮ ਸੰਸਕਾਰੀ ਲੋਕਾਂ ਦੇ ਵੀ ਹਨ। ਕਹਿੰਦੇ ਹਨ ਕਿ ਜਨੌਰਾਂ ਵਿਚੋਂ ਸਭ ਤੋਂ ਪਹਿਲਾਂ ਘੋੜਾ ਪੈਦਾ ਹੋਇਆ। ਫੇਰ ਹਾਥੀ ਇਸ ਲਈ ਇਨ੍ਹਾਂ ਤੋਂ ਕੋਈ ਬਦਸ਼ਗਨੀ ਨਹੀਂ ਮੰਨਦੇ। ਇਹ ਆਪਣੇ ਮਾਲਕ ਨੂੰ ਅੱਗੇਤਰੇ ਹੀ ਖ਼ਤਰੇ ਦਾ ਪਤਾ ਦੇ ਦਿੰਦੇ ਹਨ। ਜੇ ਘੋੜਾ ਨਚਦਾ-ਟੱਪਦਾ ਮਿਲੇ ਤਾਂ ਬਹੁਤ ਚੰਗਾ ਮੰਨਦੇ ਹਨ। ਘੋੜਾ ਖਰੀਦਣ ਜਾਈਏ, ਤਾਂ ਵੀ ਇਹ ਕੰਨ ਸਿਰ ਹਿਲਾ ਕੇ ਜਾਂ ਖੁਰ ਮਾਰ ਕੇ ਦੱਸ ਦਿੰਦਾ ਹੈ ਕਿ ਬੰਦਾ ਚੰਗਾ ਹੈ ਜਾਂ ਮੰਦਾ।

2. ਹੇਠ ਲਿਖੇ ਅਖਾਣ ਮੁਹਾਵਰਿਆਂ ਵਿਚੋਂ ਕਿਸੇ **ਪੰਜ** ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ :

ਉਖਲੀ ਵਿਚ ਸਿਰ ਦਿੱਤਾ ਮੋਹਲਿਆਂ ਦਾ ਕੀ ਡਰ, ਉਜੜੇ ਬਾਗਾਂ ਦੇ ਗਾਲੜ੍ਹ, ਪਟਵਾਰੀ, ਉੱਚੀ ਦੁਕਾਨ ਫਿੱਕਾ ਪਕਵਾਨ, ਅੱਖਾਂ ਵਿੱਚ ਘੱਟਾ ਪਾਉਣਾ, ਦੰਦ ਖੱਟੇ ਕਰਨੇ, ਈਦ ਦਾ ਚੰਦ ਹੋਣਾ, ਇਕ-ਮਿਕ ਹੋਣਾ, ਹੱਥ-ਪੈਰ ਮਾਰਨੇ।



www.a2zpapers.com www.a2zpapers.com
oad free old Question papers gndu, ptu hp board, punjab